BRAMPTON

Media Release

ਤੁਰੰਤ ਰਿਲੀਜ ਲਈ

## ਸੀ.ਯੂ.ਟੀ.ਆਰ.ਆਈ.ਸੀ. ਨੂੰ ਬ੍ਰੈਂਪਟਨ ਟ੍ਰਾਂਜ਼ਿਟ ਲਈ ਕੈਨੇਡਾ ਸਰਕਾਰ ਅਤੇ ਐਫ.ਸੀ.ਐਮ. ਤੋਂ 175 ਹਜ਼ਾਰ ਡਾਲਰ ਦਾ ਨਿਵੇਸ਼ ਮਿਲਿਆ

ਬ੍ਰੈਂਪਟਨ, ਓਨਟੈਰੀਓ (5 ਜੁਲਾਈ, 2022) – ਅੱਜ, ਐਮ.ਪੀ. (MP) ਰੂਬੀ ਸਹੋਤਾ (Ruby Sahota) ਨੇ, ਮਿਨਿਸਟਰ ਆਫ ਨੈਚੁਰਲ ਰਿਸੋਰਸਿਜ, ਸਨਮਾਨਯੋਗ ਜੋਨਾਥਨ ਵਿਲਕਿਨਸਨ (Jonathan Wilkinson); ਹਾਲਟਨ ਰੀਜਨ ਕਾਉਂਸਲਰ ਅਤੇ ਬੋਰਡ ਮੈਂਬਰ ਆਫ ਦ ਫੈਡਰੇਸ਼ਨ ਆਫ ਕੈਨੇਡਿਅਨ ਮਿਉਨਿਸਿਪਲਟੀਜ (ਐਫ.ਸੀ.ਐਮ.), ਰੋਰੀ ਨਿਸਨ (Rory Nisan); ਰੀਜਨਲ ਕਾਉਂਸਲਰ ਅਤੇ ਬ੍ਰੈਂਪਟਨ ਦੇ ਡਿਪਟੀ ਮੇਅਰ, ਮਾਰਟਿਨ ਮੇਡੇਇਰੋਸ (Martin Medeiros), ਬਰਲਿੰਗਟਨ (Burlington) ਦੀ ਮੇਅਰ ਮੈਰਿਏਨ ਮੀਡ ਵਾਰਡ (Marianne Meed Ward); ਅਤੇ ਕੈਨੇਡਿਅਨ ਅਰਬਨ ਟ੍ਰਾਂਜ਼ਿਟ ਰਿਸਰਚ ਐਂਡ ਇਨੋਵੇਸ਼ਨ ਕੋਨਸੋਰਟੀਅਮ (Canadian Urban Transit Research and Innovation Consortium) (ਸੀ.ਯੂ.ਟੀ.ਆਰ.ਆਈ.ਸੀ.) ਦੇ ਪ੍ਰੈਜ਼ੀਡੈਂਟ ਅਤੇ ਸੀ.ਈ.ਓ. ਦੇ ਵੱਲੋਂ, ਐਫ.ਸੀ.ਐਮ. (FCM) ਦੇ ਗ੍ਰੀਨ ਮਿਉਨਿਸਿਪਲ ਫੰਡ (ਜੀ.ਐਮ.ਐਫ.) (Green Municipal Fund) (GMF) ਦੇ ਦੁਆਰਾ ਬ੍ਰੈਂਪਟਨ ਵਿੱਚ ਟ੍ਰਾਂਜ਼ਿਟ ਨਿਵੇਸ਼ ਦਾ ਐਲਾਨ ਕੀਤਾ।

ਸੀ.ਯੂ.ਟੀ.ਆਰ.ਆਈ.ਸੀ. (CUTRIC) ਨੂੰ, ਗ੍ਰੀਨਹਾਊਸ ਗੈਸ ਨਿਕਾਸੀਆਂ ਨੂੰ ਘਟਾਉਣ ਵਿੱਚ ਅਤੇ ਪਬਲਿਕ ਟ੍ਰਾਂਜ਼ਿਟ ਲਈ ਭਵਿੱਖੀ ਰਾਈਡਰਸ਼ਿਪ ਮੰਗ ਨੂੰ ਪੂਰਾ ਕਰਨ ਲਈ, ਸਿਟੀ ਆਫ ਬ੍ਰੈਂਪਟਨ ਦੇ ਕਾਰਜਨੀਤੀ ਵਾਲੇ ਯਤਨਾਂ ਵਿੱਚ ਸਹਾਇਤਾ ਲਈ ਸੰਭਾਵਨਾ ਅਧਿਐਨ ਦੇ ਪ੍ਰਤੀ, 175,000 ਡਾਲਰ ਮਿਲੇ ਹਨ। ਅਧਿਐਨ ਦਾ ਫੋਕਸ, ਬ੍ਰੈਂਪਟਨ ਟ੍ਰਾਂਜ਼ਿਟ ਦੇ ਰੂਟ ਨੈੱਟਵਰਕ ਤੇ ਜ਼ੀਰੋ ਟੇਲਪਾਈਪ-ਨਿਕਾਸੀ ਵਾਲੀਆਂ ਬੱਸਾਂ (ਜੈਡ.ਈ.ਬੀ.) ਵਰਤਣ ਦੀ ਸੰਭਾਵਨਾ ਤੱਕ ਪਹੁੰਚਣਾ ਹੈ।

ਇਹ ਅਧਿਐਨ, ਸੀ.ਯੂ.ਟੀ.ਆਰ.ਆਈ.ਸੀ. ਦੇ ਅੰਦਰੂਨੀ ਤੌਰ ਤੇ ਵਿਕਸਿਤ ਪੂਰਵ ਸੂਚਕ ਮਾੱਡਲਿੰਗ ਟੂਲ, RoutΣ.i™ ਦੀ ਵਰਤੋਂ ਕਰਦੇ ਹੋਏ ਕੀਤਾ ਜਾ ਰਿਹਾ ਹੈ। ਇਹ ਟੂਲ, ਮੌਜੂਦਾ ਟੈਕਨੋਲੋਜੀ ਦੇ ਅਧਾਰ ਤੇ ਜੈਡ.ਈ.ਬੀ. (ZEBs) ਜਾਂ ਐਫ.ਸੀ.ਈ.ਬੀ. (FCEBs) ਨੂੰ ਅਪਨਾਉਣ ਦੀ ਸੰਭਾਵਨਾ ਅਤੇ ਫਾਇਦੇ ਨਿਰਧਾਰਤ ਕਰਨ ਲਈ, ਸੰਚਾਲਨ ਸਬੰਧੀ ਸਥਿਤੀਆਂ ਨੂੰ ਸ਼ਾਮਲ ਕਰਦਾ ਹੈ, ਜਿਵੇਂ ਰੂਟ ਮੈਪਸ, ਟ੍ਰਾਂਜ਼ਿਟ ਸ਼ੈਡਿਊਲਸ, ਮੌਸਮ ਅਤੇ ਪੈਸੇਂਜਰ-ਲੋਡਿੰਗ।

ਇਲੈਕਟ੍ਰਿਕ ਜੈਡ.ਈ.ਬੀ. ਬੱਸ ਫਲੀਟ ਵਿੱਚ ਬਦਲੀ ਕਰਨਾ, ਆਪਣੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਉਣ ਅਤੇ ਗ੍ਰੀਨ ਸਿਟੀ (Green City) ਬਣਾਉਣ ਦੀਆਂ ਸਿਟੀ ਦੀਆਂ ਵਚਨਬੱਧਤਾਵਾਂ ਤੇ ਅਧਾਰਿਤ ਹੈ। ਜੈਡ.ਈ.ਬੀ. ਸਥਿਰ ਟ੍ਰਾਂਜ਼ਿਟ ਵਾਹਨ ਹਨ, ਜੋ ਕਮਿਉਨਿਟੀ ਲਈ ਪ੍ਰਭਾਵਸ਼ਾਲੀ, ਸ਼ਾਂਤ ਅਤੇ ਕਲੀਨ (ਪ੍ਰਦੂਸ਼ਣ-ਮੁਕਤ) ਯਾਤਰਾ ਪ੍ਰਦਾਨ ਕਰਨਗੇ।

ਟ੍ਰਾਂਜ਼ਿਟ ਬੱਸਾਂ ਦਾ ਇਲੈਕਟ੍ਰੀਫਿਕੇਸ਼ਨ, ਬ੍ਰੈਂਪਟਨ ਵਿੱਚ ਪੈਦਾ ਹੋਣ ਵਾਲੀਆਂ ਗ੍ਰੀਨਹਾਊਸ ਗੈਸਾਂ (ਜੀ.ਐਚ.ਜੀ.) ਨੂੰ 2050 ਤੱਕ, 80 ਪ੍ਰਤੀਸ਼ਤ ਤੱਕ ਘਟਾਉਣ ਦੇ ਸਿਟੀ ਦੇ ਸਫਰ ਵਿੱਚ ਇੱਕ ਮਹੱਤਵਪੂਰਣ ਉਪਲਬਧੀ ਹੈ। 133 ਡੀਜਲ-ਇਲੈਕਟ੍ਰਿਕ ਹਾਈਬ੍ਰਿਡ ਜ਼ੂਮ (Züm) ਬੱਸਾਂ ਦਾ ਮੌਜੂਦਾ ਫਲੀਟ ਸ਼ਾਮਲ ਕਰਦੇ ਹੋਏ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੇ, ਮਈ 2021 ਵਿੱਚ ਪਹਿਲੀ ਅੱਠ ਬੈਟਰੀ ਇਲੈਕਟ੍ਰਿਕ ਜ਼ੀਰੋ ਨਿਕਾਸੀ ਵਾਲੀਆਂ ਬੱਸਾਂ ਅਤੇ ਚਾਰ ਉੱਚ-ਪਾਵਰ ਵਾਲੇ ਓਵਰਹੈੱਡ ਓਪਰਚੁਨਿਟੀ ਚਾਰਜਰ ਪੇਸ਼ ਕੀਤੇ ਸਨ। ਪੂਰੇ ਫਲੀਟ ਦੀ ਜੈਡ.ਈ.ਬੀ. ਵਿੱਚ ਬਦਲੀ ਕਰਨ ਨਾਲ, ਅਨੁਮਾਨ ਹੈ ਕਿ ਪ੍ਰਤੀ ਬੱਸ, ਪ੍ਰਤੀ ਸਾਲ ਲਗਭਗ 115 ਟਨ $CO_2$ ਦੀ ਬੱਚਤ ਹੋਵੇਗੀ, ਸਲਾਨਾ ਤੌਰ ਤੇ ਜੀ.ਐਚ.ਜੀ. (GHGs) ਦਾ ਕੁੱਲ 53,000 ਟਨ ਜਾਂ ਸੜਕਾਂ ਤੋਂ ਲਗਭਗ 12,000 ਯਾਤਰੀ ਵਾਹਨਾਂ (ਕਈ ਟਨ ਜੀ.ਐਚ.ਜੀ.) ਨੂੰ ਹਟਾਉਣ ਦੇ ਬਰਾਬਰ ਹੋਵੇਗਾ।

ਐਫ.ਸੀ.ਐਮ. ਵੱਲੋਂ ਸੰਚਾਲਿਤ ਜੀ.ਐਮ.ਐਫ. (GMF) ਨੂੰ, ਕੈਨੇਡਾ ਸਰਕਾਰ ਵੱਲੋਂ ਐਂਡੋਮੈਂਟ ਦੇ ਦੁਆਰਾ ਫੰਡ ਦਿੱਤਾ ਜਾ ਰਿਹਾ ਹੈ। ਜੀ.ਐਮ.ਐਫ, ਲੋਕਲ ਸਰਕਾਰਾਂ ਨੂੰ ਸਥਿਰ ਪੱਧਤੀਆਂ ਵਿੱਚ ਤੇਜ਼ੀ ਨਾਲ ਬਦਲਣ ਵਿੱਚ ਮਦਦ ਕਰਦਾ ਹੈ। ਫੰਡਿੰਗ, ਵਸੀਲਿਆਂ ਅਤੇ ਟ੍ਰੇਨਿੰਗ ਦਾ ਇਸਦਾ ਬੇਜੋੜ ਮਿਸ਼ਰਣ, ਮਿਉਨਿਸਪਲਟੀਜ ਨੂੰ ਉਹ ਟੂਲ ਦਿੰਦਾ ਹੈ, ਜਿਹਨਾਂ ਦੀ ਲੋੜ ਉਹਨਾਂ ਨੂੰ, ਸਥਿਰਤਾ ਬਣਾਉਣ ਅਤੇ ਗ੍ਰੀਨਹਾਊਸ ਗੈਸ ਨਿਕਾਸੀਆਂ ਘਟਾਉਣ ਲਈ ਹੈ।

**ਲਿੰਕ**

- [ਕੈਨੇਡਾ ਅਤੇ ਐਫ.ਸੀ.ਐਮ. ਬ੍ਰੈਂਪਟਨ ਅਤੇ ਬਰਲਿੰਗਟਨ ਵਿੱਚ ਘੱਟ-ਨਿਕਾਸੀਆਂ ਵਾਲੇ ਟ੍ਰਾਂਜ਼ਿਟ ਵਿੱਚ ਨਿਵੇਸ਼ ਕਰ ਰਹੇ ਹਨ (Canada and FCM invest in low-emission transit in Brampton and Burlington)]

**ਹਵਾਲੇ**

"ਕੈਨੇਡਾ ਸਰਕਾਰ ਅਤੇ ਐਫ.ਸੀ.ਐਮ. ਦਾ ਧੰਨਵਾਦ ਕਿ ਉਹਨਾਂ ਨੇ ਸਿਟੀ ਆਫ ਬ੍ਰੈਂਪਟਨ ਵਿੱਚ ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ ਵਾਸਤੇ, ਸੀ.ਯੂ.ਟੀ.ਆਰ.ਆਈ.ਸੀ. ਦੇ ਸੰਭਾਵਨਾ ਅਧਿਐਨ ਵਿੱਚ ਆਪਣਾ ਨਿਵੇਸ਼ ਕੀਤਾ। 175 ਹਜ਼ਾਰ ਡਾਲਰ ਦਾ ਇਹ ਨਿਵੇਸ਼ ਸਿੱਧੇ, ਬ੍ਰੈਂਪਟਨ ਅਤੇ ਕੈਨੇਡਾ ਵਿੱਚ ਸਥਿਰ ਟ੍ਰਾਂਜ਼ਿਟ ਦੇ ਅਗਲੇ ਲੈਵਲ ਵਿੱਚ ਸਹਾਇਤਾ ਕਰੇਗਾ, ਕਿਉਂਕਿ ਬ੍ਰੈਂਪਟਨ ਟ੍ਰਾਂਜ਼ਿਟ ਅਗਲੇ ਪੰਜ ਸਾਲਾਂ ਵਿੱਚ ਬ੍ਰੈਂਪਟਨ ਦੀਆਂ ਸੜਕਾਂ ਵਾਸਤੇ, 450 ਤੱਕ ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ ਖਰੀਦ ਰਹੀ ਹੈ। ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ ਅਤੇ ਇਕੱਠੇ ਮਿਲ ਕੇ ਅਸੀਂ, ਸਾਡੇ ਕਾਰਬਨ ਫੁੱਟਪ੍ਰਿੰਟ ਨੂੰ ਘਟਾਵਾਂਗੇ ਅਤੇ ਸਾਡੀ ਕਮਿਉਨਿਟੀ ਵਿੱਚ ਜੀਵਨ ਕੁਆਲਿਟੀ ਵਿੱਚ ਸੁਧਾਰ ਕਰਾਂਗੇ।"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਆਪਣੇ ਭਾਈਵਾਲਾਂ ਅਤੇ ਸਹਾਇਕਾਂ ਕੈਨੇਡਾ ਸਰਕਾਰ, ਐਫ.ਸੀ.ਐਮ. ਅਤੇ ਸੀ.ਯੂ.ਟੀ.ਆਰ.ਆਈ.ਸੀ. ਦੇ ਨਾਲ ਸਥਿਰ, ਘੱਟ-ਕਾਰਬਨ ਪਬਲਿਕ ਟ੍ਰਾਂਜ਼ਿਟ ਦਾ ਵਿਜਨ ਸਾਂਝਾ ਕਰਦੀ ਹੈ। ਜੀ.ਐਮ.ਐਫ. ਫੰਡਿੰਗ ਦੇ ਨਾਲ, ਸੀ.ਯੂ.ਟੀ.ਆਰ.ਆਈ.ਸੀ. ਦਾ ਸੰਭਾਵਨਾ ਅਧਿਐਨ, ਸਿਟੀ ਨੂੰ ਜੀ.ਐਚ.ਜੀ. ਘਟਾਉਣ, ਲਾਗਤ-ਫਾਇਦੇ ਅਤੇ ਵਿਸ਼ਲੇਸ਼ਣ ਸ਼ੈਡਿਊਲ ਕਰਨ ਸਬੰਧੀ ਦ੍ਰਿਸ਼ਟੀਕੋਣ ਪ੍ਰਾਪਤ ਕਰਨ ਵਿੱਚ ਮਦਦ ਕਰੇਗਾ, ਜ਼ੀਰੋ-ਟੇਲਪਾਈਪ ਨਿਕਾਸੀ ਵਾਲੀਆਂ ਬੱਸਾਂ ਦੇ ਪ੍ਰਕਾਰ, ਸਾਡੇ ਫਲੀਟ ਨੂੰ ਇਲੈਕਟ੍ਰੀਫਾਈ ਕਰਨ ਲਈ ਬ੍ਰੈਂਪਟਨ ਟ੍ਰਾਂਜ਼ਿਟ ਨੈੱਟਵਰਕ ਅਤੇ ਹੋਰ ਮਹੱਤਵਪੂਰਣ ਕਾਰਕਾਂ ਵਿੱਚ ਹਰੇਕ ਰੂਟ ਲਈ ਸਭ ਤੋਂ ਵੱਧ ਢੁੱਕਵੇਂ ਹਨ।"

- *ਮਾਰਟਿਨ ਮੇਡੇਇਰੋਸ (Martin Medeiros), ਡਿਪਟੀ ਮੇਅਰ; ਰੀਜਨਲ ਕਾਉਂਸਲਰ, ਵਾਰਡਸ 3 ਅਤੇ 4; ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ, ਕਲੀਨ ਟ੍ਰਾਂਸਪੋਰਟੇਸ਼ਨ ਪਹਿਲਕਦਮੀਆਂ ਵਿੱਚ ਲੀਡਰ ਹੈ ਅਤੇ ਅਸੀਂ ਸੀ.ਯੂ.ਟੀ.ਆਰ.ਆਈ.ਸੀ. ਦੇ ਦੁਆਰਾ, ਕੈਨੇਡਾ ਸਰਕਾਰ ਅਤੇ ਐਫ.ਸੀ.ਐਮ. ਵੱਲੋਂ, ਬ੍ਰੈਂਪਟਨ ਟ੍ਰਾਂਜ਼ਿਟ ਵਿੱਚ 175 ਹਜ਼ਾਰ ਡਾਲਰ ਦੇ ਨਿਵੇਸ਼ ਦਾ ਸੁਆਗਤ ਕਰਦੇ ਹਾਂ। ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ, ਗ੍ਰੀਨ ਸਿਟੀ ਵਜੋਂ ਬ੍ਰੈਂਪਟਨ ਲਈ ਟਰਮ ਆਫ ਕਾਉਂਸਿਲ ਦੀ ਵਚਨਬੱਧਤਾ ਦਾ ਮਹੱਤਵਪੂਰਣ ਹਿੱਸਾ ਹਨ। ਬ੍ਰੈਂਪਟਨ ਟ੍ਰਾਂਜ਼ਿਟ ਲਈ ਵੱਧ ਗ੍ਰੀਨ ਭਵਿੱਖ ਵਿੱਚ ਸਹਾਇਤਾ ਕਰਨ ਲਈ, ਸਾਡੀ ਟੀਮ ਅਤੇ ਸਾਡੇ ਭਾਈਵਾਲਾਂ ਦਾ ਧੰਨਵਾਦ।"

- *ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ*

"ਐਫ.ਸੀ.ਐਮ. ਦੀ ਬੋਰਡ ਮੈਂਬਰ ਵਜੋਂ, ਮੈਨੂੰ ਇਸ ਬਾਰੇ ਕਈ ਵਿਚਾਰ-ਵਟਾਂਦਰਿਆਂ ਦਾ ਹਿੱਸਾ ਬਣਨ ਦਾ ਵਿਸ਼ੇਸ਼ ਅਧਿਕਾਰ ਮਿਲਿਆ ਹੈ ਕਿ ਕੈਨੇਡਾ ਵਿੱਚ ਟ੍ਰਾਂਜ਼ਿਟ ਏਜੰਸੀਆਂ ਦੀ ਸਹਾਇਤਾ ਕਿਵੇਂ ਕੀਤੀ ਜਾਵੇ, ਤਾਂ ਜੋ ਮੌਜੂਦਾ ਫਲੀਟਾਂ ਨੂੰ ਜ਼ੀਰੋ-ਨਿਕਾਸੀ ਅਤੇ ਘੱਟ-ਕਾਰਬਨ ਵਾਲੀਆਂ ਟ੍ਰਾਂਜ਼ਿਟ ਟੈਕਨੋਲੋਜੀਆਂ ਵਿੱਚ ਬਦਲਣ ਨਾਲ ਜੁੜੀਆਂ, ਮੁੱਖ ਚੁਣੌਤੀਆਂ, ਮੌਕਿਆਂ ਅਤੇ ਹੱਲਾਂ ਨੂੰ ਪੂਰਾ ਕੀਤਾ ਜਾ ਸਕੇ। ਬ੍ਰੈਂਪਟਨ, ਜ਼ੀਰੋ-ਨਿਕਾਸੀ ਵਾਲੇ ਟ੍ਰਾਂਜ਼ਿਟ ਵਿੱਚ ਬਦਲਾਅ ਦੀ ਅਗਵਾਈ ਕਰ ਰਿਹਾ ਹੈ ਅਤੇ ਇਹ ਬਹੁਤ ਮਹੱਤਵਪੂਰਣ ਹੈ ਕਿ ਸਾਰੀਆਂ ਸ਼ਾਮਲ ਏਜੰਸੀਆਂ ਅਤੇ ਸਰਕਾਰ ਦੇ ਮਹਿਕਮੇ, ਵੱਧ ਗ੍ਰੀਨ ਟ੍ਰਾਂਜ਼ਿਟ ਨੈੱਟਵਰਕ ਪੇਸ਼ ਕਰਨ ਲਈ ਇਕੱਠੇ ਮਿਲ ਕੇ ਕੰਮ ਕਰਨ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5, ਸਿਟੀ ਆਫ ਬ੍ਰੈਂਪਟਨ; ਬੋਰਡ ਮੈਂਬਰ, ਐਫ.ਸੀ.ਐਮ.*

"ਸਿਟੀ ਆਫ ਬ੍ਰੈਂਪਟਨ, ਸਾਰਿਆਂ ਲਈ ਚੰਗੀ ਤਰ੍ਹਾਂ ਜੁੜਿਆ ਹੋਇਆ, ਸਥਿਰ ਅਤੇ ਊਰਜਾ-ਪ੍ਰਭਾਵੀ ਟ੍ਰਾਂਸਪੋਰਟੇਸ਼ਨ ਸਿਸਟਮ ਅਤੇ ਵੱਧ ਗ੍ਰੀਨ ਸਿਟੀ ਬਣਾਉਣ ਲਈ ਵਚਨਬੱਧ ਹੈ। ਕੈਨੇਡਾ ਸਰਕਾਰ, ਐਫ.ਸੀ.ਐਮ. ਅਤੇ ਸੀ.ਯੂ.ਟੀ.ਆਰ.ਆਈ.ਸੀ. ਵੱਲੋਂ ਹਿਮਾਇਤ ਲਈ ਉਹਨਾਂ ਦਾ ਧੰਨਵਾਦ। ਅਸੀਂ ਬ੍ਰੈਂਪਟਨ ਵਿੱਚ ਨਿਵੇਸ਼ ਲਿਆਉਣ ਲਈ ਸਾਡੇ ਸਟੇਕਹੋਲਡਰਾਂ ਦੇ ਨਾਲ ਕੰਮ ਕਰਨਾ ਜਾਰੀ ਰੱਖਾਂਗੇ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਟ੍ਰਾਂਜ਼ਿਟ, ਸਥਿਰ ਟ੍ਰਾਂਜ਼ਿਟ ਵਿੱਚ ਲੀਡਰ ਹੈ ਅਤੇ ਜ਼ੀਰੋ-ਨਿਕਾਸੀ ਵਾਲੀਆਂ ਬੱਸਾਂ, ਸਾਡੇ ਫਲੀਟ ਨੂੰ ਇਲੈਕਟ੍ਰੀਫਾਈ ਕਰਨ ਦੇ ਪ੍ਰਤੀ ਸਾਡੀ ਵਚਨਬੱਧਤਾ ਦਾ ਹਿੱਸਾ ਹਨ। ਅਸੀਂ ਸਾਡੇ ਇਲੈਕਟ੍ਰੀਫਿਕੇਸ਼ਨ ਪ੍ਰੋਜੈਕਟ ਵਿੱਚ ਨਿਵੇਸ਼ ਲਿਆਉਣ ਲਈ, ਸੀ.ਯੂ.ਟੀ.ਆਰ.ਆਈ.ਸੀ. ਅਤੇ ਵੱਖ-ਵੱਖ ਸਟੇਕਹੋਲਡਰਾਂ ਦੇ ਨਾਲ ਮਿਲ ਕੇ ਕੰਮ ਕਰ ਰਹੇ ਹਾਂ ਅਤੇ ਸਾਡੇ ਭਾਈਵਾਲਾਂ ਵੱਲੋਂ ਹਿਮਾਇਤ ਲਈ ਉਹਨਾਂ ਦਾ ਧੰਨਵਾਦ ਕਰਦੇ ਹਾਂ, ਕਿਉਂਕਿ ਅਸੀਂ ਅੱਗੇ ਵਧ ਰਹੇ ਹਾਂ।"

- *ਐਲੇਕਸ ਮਿਲੋਜੇਵਿਕ (Alex Milojevic), ਜਨਰਲ ਮੈਨੇਜਰ, ਬ੍ਰੈਂਪਟਨ ਟ੍ਰਾਂਜ਼ਿਟ, ਸਿਟੀ ਆਫ ਬ੍ਰੈਂਪਟਨ*

"2015 ਵਿੱਚ ਮੇਰੀ ਚੋਣ ਤੋਂ ਬਾਅਦ, ਮੈਂ ਸਾਡੀ ਘੱਟ-ਨਿਕਾਸੀ ਵਾਲੇ ਟ੍ਰਾਂਜ਼ਿਟ ਬਦਲੀ ਵਿੱਚ, ਸੀ.ਯੂ.ਟੀ.ਆਰ.ਆਈ.ਸੀ. ਵੱਲੋਂ ਨਿਭਾਈ ਗਈ ਭੂਮਿਕਾ ਨੂੰ ਸਾਫ ਤੌਰ ਤੇ ਦੇਖਿਆ ਹੈ। ਇਹ ਫੰਡਿੰਗ ਵੰਡ, ਸੀ.ਯੂ.ਟੀ.ਆਰ.ਆਈ.ਸੀ. ਦੇ ਨਾਲ ਭਾਈਵਾਲੀ ਵਿੱਚ, ਉਹਨਾਂ ਕਈ ਵਿੱਚੋਂ ਸਿਰਫ ਇੱਕ ਹੈ, ਜੋ ਸਿਟੀ ਆਫ ਬ੍ਰੈਂਪਟਨ ਪ੍ਰਾਪਤ ਕਰ ਰਹੀ ਹੈ, ਜਦੋਂ ਅਸੀਂ ਸਾਡੇ ਭਵਿੱਖ ਨੂੰ ਇਲੈਕਟ੍ਰੀਫਾਈ ਕਰ ਰਹੇ ਹਾਂ, ਪ੍ਰਦੂਸ਼ਣ ਘਟਾ ਰਹੇ ਹਾਂ ਅਤੇ ਕਲੀਨ ਟ੍ਰਾਂਸਪੋਰਟੇਸ਼ਨ ਇੰਫਰਾਸਟ੍ਰਕਚਰ ਵਿੱਚ ਨਿਵੇਸ਼ ਕਰ ਰਹੇ ਹਾਂ – ਜੋ ਸਾਨੂੰ ਨੈੱਟ-ਜ਼ੀਰੋ ਨਿਕਾਸੀਆਂ ਦੇ ਇੱਕ ਕਦਮ ਨੇੜੇ ਲਿਆ ਰਿਹਾ ਹੈ।"

- *ਰੂਬੀ ਸਹੋਤਾ (Ruby Sahota), ਬ੍ਰੈਂਪਟਨ ਨੌਰਥ ਲਈ ਮੈਂਬਰ ਆਫ ਪਾਰਲੀਆਮੈਂਟ*

"ਬ੍ਰੈਂਪਟਨ ਅਤੇ ਬਰਲਿੰਗਟਨ, ਓਨਟੈਰੀਓ ਵਿੱਚ ਕਲੀਨ ਟ੍ਰਾਂਸਪੋਰਟੇਸ਼ਨ ਲਈ ਫੰਡਿੰਗ ਦਾ ਅੱਜ ਦਾ ਐਲਾਨ, ਸਾਡੀ ਸਰਕਾਰ ਦੀ ਤਰਜੀਹ ਵੱਲੋਂ ਇੱਕ ਮਹੱਤਵਪੂਰਣ ਕਦਮ ਹੈ, ਜੋ ਪ੍ਰਦੂਸ਼ਣ ਨੂੰ ਘਟਾਉਣ, ਸਾਡੀਆਂ ਕਮਿਊਨਿਟੀਜ ਵਿੱਚ ਵਾਧਾ ਕਰਨ ਅਤੇ ਕਲੀਨ ਟੈਕਨੋਲੋਜੀਸ ਵਿੱਚ ਸਾਡੇ ਇਨੋਵੇਸ਼ਨ ਨੂੰ ਅੱਗੇ ਵਧਾਉਣ ਵਿੱਚ ਸਹਾਇਤਾ ਕਰੇਗਾ। ਕੈਨੇਡਾ ਸਰਕਾਰ ਨੂੰ ਇਸ ਖੇਤਰ ਵਿੱਚ ਸੀ.ਯੂ.ਟੀ.ਆਰ.ਆਈ.ਸੀ. ਦੇ ਲੀਡਰਸ਼ਿਪ ਦੀ ਹਿਮਾਇਤ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ। ਮੈਂ ਉਹਨਾਂ ਦੀ ਲੀਡਰਸ਼ਿਪ ਲਈ ਉਹਨਾਂ ਨੂੰ ਵਧਾਈ ਦਿੰਦਾ ਹਾਂ।"

- *ਸਨਮਾਨਯੋਗ ਜੋਨਾਥਨ ਵਿਲਕਿਨਸਨ (Jonathan Wilkinson), ਮਿਨਿਸਟਰ ਆਫ ਨੈਚੁਰਲ ਰਿਸੋਰਸਿਜ*

"ਇਹ ਬਹੁਤ ਮਹੱਤਵਪੂਰਣ ਹੈ ਕਿ ਜਲਵਾਯੂ ਸਬੰਧੀ ਲੜਾਈ ਵਿੱਚ ਸਾਰੇ ਸ਼ਾਮਲ ਹੋਣ। ਕੈਨੇਡਾ ਦੀਆਂ ਮਿਊਨਿਸਿਪਲਟੀਜ, ਇਨੋਵੇਟਿਵ ਹੱਲਾਂ ਦੇ ਨਾਲ ਆਪਣੀ ਭੂਮਿਕਾ ਨਿਭਾ ਰਹੀਆਂ ਹਨ, ਜੋ ਨੌਕਰੀਆਂ ਅਤੇ ਜਲਵਾਯੂ ਸਬੰਧੀ ਸਥਿਰਤਾ ਪੈਦਾ ਕਰਦੇ ਹਨ। ਕੈਨੇਡਿਅਨ ਕਮਿਊਨਿਟੀਜ ਵਿੱਚ ਗ੍ਰੀਨ ਇੰਫਰਾਸਟ੍ਰਕਚਰ ਨਿਵੇਸ਼, ਸਾਡੀ ਹਵਾ ਨੂੰ ਵੱਧ ਸਾਫ, ਸਾਡੇ ਅਰਥਚਾਰੇ ਨੂੰ ਵੱਧ ਮਜ਼ਬੂਤ ਬਣਾਵੇਗਾ ਅਤੇ ਸਾਨੂੰ ਨੈੱਟ-ਜ਼ੀਰੋ ਭਵਿੱਖ ਦੇ ਰਸਤੇ ਤੇ ਅੱਗੇ ਵਧਾਵੇਗਾ।"

- *ਸਨਮਾਨਯੋਗ ਸਟੀਵਨ ਗਿਲਬੀਲਟ (Steven Guilbeault), ਮਿਨਿਸਟਰ ਆਫ ਐਨਵਾਇਰਨਮੈਂਟ ਐਂਡ ਕਲਾਈਮੇਟ ਚੇਂਜ*

"ਅੱਜ ਦੇ ਲੋਕ ਜ਼ਿਆਦਾਤਰ ਸ਼ਹਿਰਾਂ ਵਿੱਚ ਰਹਿੰਦੇ ਹਨ। ਸ਼ਹਿਰਾਂ ਨੂੰ ਜਲਵਾਯੂ ਸਬੰਧੀ ਬਦਲਾਅ ਤੇ ਧਿਆਨ ਦੇਣ ਅਤੇ ਜਲਵਾਯੂ ਸਬੰਧੀ ਬਦਲੀ ਹੋਈ ਦੁਨੀਆ ਵਿੱਚ ਸਾਡੇ ਭਵਿੱਖ ਲਈ ਯੋਜਨਾਬੰਦੀ ਦੀ ਅਗਵਾਈ ਕਰਨੀ ਚਾਹੀਦੀ ਹੈ। ਸੀ.ਯੂ.ਟੀ.ਆਰ.ਆਈ.ਸੀ. ਨੂੰ ਬ੍ਰੈਂਪਟਨ ਅਤੇ ਬਰਲਿੰਗਟਨ ਵਰਗੇ ਸ਼ਹਿਰਾਂ ਦੇ ਨਾਲ ਕੰਮ ਕਰਨ ਤੇ ਮਾਣ ਹੈ। ਇਹ ਸ਼ਹਿਰ, ਜਲਵਾਯੂ ਸਬੰਧੀ ਕਾਰਵਾਈ ਦੇ ਪ੍ਰਤੀ ਇਨੋਵੇਟਿਵ ਸੋਚ ਦੇ ਵਧਦੇ ਹੋਏ ਕੇਂਦਰ ਹਨ। ਹੁਣ ਸਮਾਂ ਆ ਗਿਆ ਹੈ ਕਿ ਦੇਸ਼ ਦੇ ਇੰਫਰਾਸਟ੍ਰਕਚਰ ਅਤੇ ਘੱਟ-ਕਾਰਬਨ ਗਤੀਸ਼ੀਲਤਾ ਲੈਂਡਸਕੇਪ ਨੂੰ ਬਦਲਿਆ ਜਾਵੇ।"

- *ਜੋਸਿਪਾ ਪੈਟਰੂਨਿਕ (Josipa Petrunic), ਪ੍ਰੈਜ਼ੀਡੈਂਟ ਐਂਡ ਸੀ.ਈ.ਓ. ਆਫ ਸੀ.ਯੂ.ਟੀ.ਆਰ.ਆਈ.ਸੀ.*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca

ਨੈਚੁਰਲ ਰਿਸੋਰਸਿਜ ਕੈਨੇਡਾ

ਮੀਡੀਆ ਰਿਲੇਸ਼ਨਸ

343-292-6100
media@nrcan-rncan.gc.ca
ਸਾਨੂੰ Twitter ਤੇ ਫਾੱਲੋ ਕਰੋ: @NRCan (http://twitter.com/nrcan)

ਕੀਆਨ ਨੇਮਭਰਡ (Keean Nembhard)

ਪ੍ਰੈਸ ਸੈਕਰੇਟਰੀ

ਆਫਿਸ ਆਫ ਦ ਮਿਨਿਸਟਰ ਆਫ ਨੈਚੁਰਲ ਰਿਸੋਰਸਿਜ

613-323-7892
keean.nembhard@nrcan-rncan.gc.ca

ਐਫ.ਸੀ.ਐਮ. ਮੀਡੀਆ ਰਿਲੇਸ਼ਨਸ

613-907-6395
media@fcm.ca